# ਵਾਕ-ਇਨ-ਇੰਟਰਵਿਊ

ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਪ੍ਰਬੰਧ ਅਧੀਨ ਗੁਰਦੁਆਰਾ ਸਾਹਿਬਾਨ ਸੈਕਸ਼ਨ 85 ਵਿਖੇ ਗ੍ਰੰਥੀ,ਸਹਾਇਕ ਗ੍ਰੰਥੀ ਸਿੰਘਾਂ ਅਤੇ ਰਾਗੀ ਜਥਿਆਂ ਦੀ ਲੋੜ ਹੈ। ਇਹ ਭਰਤੀ ਕੇਵਲ ਹੇਠ ਲਿਖੇ ਜਿਲਿਆਂ (ਮਾਲਵਾ,ਦੋਆਬਾ), ਚੰਡੀਗੜ੍ਹ ਤੇ ਹਰਿਆਣਾ ਰਾਜ ਨਾਲ ਸਬੰਧਤ ਉਮੀਦਵਾਰਾਂ ਲਈ ਹੋਵੇਗੀ।ਇਹ ਭਰਤੀ ਨਰੋਲ ਕੰਟਰੈਕਟ ਬੇਸ ਪੁਰ ਅਤੇ ਨਾ ਤਬਦੀਲੀਯੋਗ ਹੋਵੇਗੀ।ਇਹਨਾਂ ਜਿਲਿਆਂ ਨਾਲ ਹੀ ਸਬੰਧਤ ਚਾਹਵਾਨ ਅੰਮ੍ਰਿਤਧਾਰੀ, ਗੁਰਸਿੱਖ ਉਮੀਦਵਾਰ **ਜੋ ਹੇਠਾਂ ਲਿਖੀਆਂ ਸ਼ਰਤਾਂ ਅਤੇ ਯੋਗਤਾ ਪੂਰੀ ਕਰਦੇ ਹੋਣ**, ਉਹ ਆਪਣੀ ਦਰਖ਼ਾਸਤ,ਵਿਦਿਅਕ ਯੋਗਤਾ ਦੇ ਸਰਟੀਫਿਕੇਟ, ਰਿਹਾਇਸ਼ੀ ਸਬੂਤ ਦੀਆਂ ਫੋਟੋ ਕਾਪੀਆਂ ਸਮੇਤ ਅਸਲ ਦਸਤਾਵੇਜ ਅਤੇ ਦੋ ਪਾਸਪੋਰਟ ਸਾਈਜ ਫੋਟੋ ਸਮੇਤ ਹੇਠ ਲਿਖੇ ਜਿਲੇ ਅਨੁਸਾਰ ਤਾਰੀਖ, ਸਮੇਂ,ਸਥਾਨ ਪੁਰ ਇੰਟਰਵਿਊ ਦੇਣ ਲਈ ਪੁੱਜ ਜਾਣ :-

| ਜਿਲਾ/ਕੇਂਦਰ ਸ਼ਾਸਤ ਪ੍ਰਦੇਸ਼ | ਇੰਟਰਵਿਊ ਦੀ ਤਾਰੀਖ, ਸਮਾਂ ਅਤੇ ਸਥਾਨ |
|---|---|
| ਕਪੂਰਥਲਾ, ਜਲੰਧਰ, ਹੁਸ਼ਿਆਰਪੁਰ,ਸ਼ਹੀਦ ਭਗਤ ਸਿੰਘ ਨਗਰ,ਰੋਪੜ, ਸ਼ਾਹਿਬਜਾਦਾ ਅਜੀਤ ਸਿੰਘ ਨਗਰ, ਲੁਧਿਆਣਾ, ਫਤਹਿਗੜ੍ਹ ਸਾਹਿਬ, ਪਟਿਆਲਾ ਅਤੇ ਚੰਡੀਗੜ੍ਹ ਵਾਸਤੇ **ਗ੍ਰੰਥੀ, ਸ/ਗ੍ਰੰਥੀ ਅਤੇ ਰਾਗੀ ਜਥਿਆਂ ਲਈ** | ਮਿਤੀ 27-10-2020 ਦਿਨ ਮੰਗਲਵਾਰ ਸਵੇਰੇ 10-00 ਵਜੇ **ਸਥਾਨ:- ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,ਸ੍ਰੀ ਅਨੰਦਪੁਰ ਸਾਹਿਬ (ਰੋਪੜ)** |

| ਜਿਲਾ/ਰਾਜ ਦਾ ਨਾਮ | ਇੰਟਰਵਿਊ ਦੀ ਤਾਰੀਖ ਸਮਾਂ ਅਤੇ ਸਥਾਨ |
|---|---|
| ਮੋਗਾ,ਬਰਨਾਲਾ,ਸੰਗਰੂਰ ਫਰੀਦਕੋਟ,ਫਿਰੋਜਪੁਰ, ਫਾਜਿਲਕਾ,ਸ੍ਰੀ ਮੁਕਤਸਰ ਸਾਹਿਬ, ਮਾਨਸਾ,ਬਠਿੰਡਾ, ਅਤੇ ਹਰਿਆਣਾ ਰਾਜ ਵਾਸਤੇ **ਗ੍ਰੰਥੀ, ਸ/ਗ੍ਰੰਥੀ ਅਤੇ ਰਾਗੀ ਜਥਿਆਂ ਲਈ** | ਮਿਤੀ 29-10-2020 ਦਿਨ ਵੀਰਵਾਰ ਸਵੇਰੇ 10-00 ਵਜੇ, **ਸਥਾਨ:- ਤਖ਼ਤ ਸ੍ਰੀ ਦਮਦਮਾ ਸਾਹਿਬ,ਤਲਵੰਡੀ ਸਾਬੋ (ਬਠਿੰਡਾ)** |

## ਵਿਦਿਅਕ ਯੋਗਤਾ ਅਤੇ ਸ਼ਰਤਾਂ:-

*** ਇਸ਼ਤਿਹਾਰ ਛਪਣ ਸਮੇਂ ਗ੍ਰੰਥੀ,ਸ/ਗ੍ਰੰਥੀ ਸਿੰਘਾਂ ਦੀ ਪੋਸਟ ਲਈ ਉਮੀਦਵਾਰ ਦੀ ਉਮਰ 21 ਤੋਂ 40 ਸਾਲ ਦੇ ਦਰਮਿਆਨ ਹੋਵੇ।**

(ੳ) **ਗ੍ਰੰਥੀ ਸਿੰਘ ਲਈ :-** 10+2 ਪਾਸ ਹੋਵੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ/ਦੂਜੇ ਗੁਰਮਤਿ ਕਾਲਜਾਂ ਦਾ ਡਿਪਲੋਮਾ ਹੋਲਡਰ ਜਾਂ ਸ/ਗ੍ਰੰਥੀ ਵਜੋਂ ਦਸ ਸਾਲ ਕੰਮ ਕੀਤਾ ਹੋਵੇ।

(ਅ) **ਸ/ਗ੍ਰੰਥੀ ਸਿੰਘ ਲਈ:-** ਮੈਟ੍ਰਿਕ ਪਾਸ ਹੋਵੇ, ਬਤੌਰ ਅਖੰਡਪਾਠੀ ਜਾਂ ਕਿਸੇ ਵੀ ਗੁ:ਸਾਹਿਬ ਵਿਖੇ ਗ੍ਰੰਥੀ ਵਜੋਂ 05 ਸਾਲ ਡਿਊਟੀ ਕੀਤੀ ਹੋਵੇ।

**** ਇਸ਼ਤਿਹਾਰ ਛਪਣ ਸਮੇਂ ਜ/ਰਾਗੀ ਦੀ ਪੋਸਟ ਲਈ ਉਮੀਦਵਾਰ ਦੀ ਉਮਰ 21 ਤੋਂ 40 ਸਾਲ ਦੇ ਦਰਮਿਆਨ ਹੋਵੇ।**

(ੳ) **ਜ/ਰਾਗੀ ਲਈ ਵਿਦਿਅਕ ਯੋਗਤਾ:-** 10+2 ਪਾਸ ਹੋਵੇ, ਮਾਨਤਾ ਪ੍ਰਾਪਤ ਸੰਗੀਤ ਵਿਦਿਆਲੇ ਦਾ ਡਿਪਲੋਮਾ ਹੋਲਡਰ ਅਤੇ 10 ਸਾਲ ਬਤੌਰ ਜ/ਰਾਗੀ ਕੀਰਤਨ ਕਰਨ ਦਾ ਤਜ਼ਰਬਾ ਹੋਵੇ। ਸ਼੍ਰੋਮਣੀ ਗੁ:ਪ੍ਰ:ਕਮੇਟੀ ਅਧੀਨ ਚਲਦੇ ਮਿਸ਼ਨਰੀ ਕਾਲਜ ਅਤੇ ਗੁਰਮਤਿ ਵਿਦਿਆਲਿਆਂ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇਗੀ

*****ਇਸ਼ਤਿਹਾਰ ਛਪਣ ਸਮੇਂ ਸ/ਰਾਗੀ ਅਤੇ ਜੋੜੀਵਾਲਾ ਦੀ ਪੋਸਟ ਲਈ ਉਮੀਦਵਾਰ ਦੀ ਉਮਰ 21 ਤੋਂ 40 ਸਾਲ ਦੇ ਦਰਮਿਆਨ ਹੋਵੇ।**

(ਅ) **ਸ/ਰਾਗੀ ਅਤੇ ਜੋੜੀਵਾਲਾ ਲਈ ਵਿਦਿਅਕ ਯੋਗਤਾ:-** 10+2 ਪਾਸ ਹੋਵੇ, ਮਾਨਤਾ ਪ੍ਰਾਪਤ ਸੰਗੀਤ ਵਿਦਿਆਲੇ ਦਾ ਡਿਪਲੋਮਾ ਹੋਲਡਰ ਹੋਵੇ।ਸ਼੍ਰੋਮਣੀ ਗੁ:ਪ੍ਰ:ਕਮੇਟੀ ਅਧੀਨ ਚਲਦੇ ਮਿਸ਼ਨਰੀ ਕਾਲਜ ਅਤੇ ਗੁਰਮਤਿ ਵਿਦਿਆਲਿਆਂ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇਗੀ।ਦੋ ਸਾਲ ਕੀਰਤਨ ਕਰਨ ਦਾ ਤਜ਼ਰਬਾ ਹੋਵੇ।

ਉਮੀਦਵਾਰ ਇੰਟਰਵਿਊ ਸਮੇਂ ਮੌਕੇ ਪੁਰ ਆਪਣੀ ਦਰਖਾਸਤ, ਵਿਦਿਅਕ ਯੋਗਤਾ ਮੈਟ੍ਰਿਕ, 10+2, ਡਿਪਲੋਮਾ ਹੋਲਡਰ ਹੋਣ,ਰਿਹਾਇਸ਼ੀ ਸਬੂਤ, ਅੰਮ੍ਰਿਤਪਾਨ ਕੀਤਾ ਹੋਣ ਦੇ ਅਸਲ ਸਰਟੀਫਿਕੇਟ (ਸਮੇਤ ਫੋਟੋ ਕਾਪੀਆਂ) ਅਤੇ ਦੋ ਪਾਸਪੋਰਟ ਸਾਈਜ਼ ਫੋਟੋ ਨਾਲ ਲੈ ਕੇ ਆਉਣ।

ਨੋਟ:- ਲੋੜ ਵਾਲੇ ਗੁਰਦੁਆਰਾ ਸਾਹਿਬਾਨ ਲਈ ਜਿਲੇ ਦੇ ਲੋਕਲ ਉਮੀਦਵਾਰਾਂ ਨੂੰ ਪਹਿਲ ਹੋਵੇਗੀ। ਭਰਤੀ ਲੋੜ ਅਨੁਸਾਰ ਹੋਵੇਗੀ,ਕੇਵਲ ਮੁਕੰਮਲ ਰਾਗੀ ਜਥੇ ਹੀ ਅਪਲਾਈ ਕਰਨ,ਇੰਟਰਵਿਊ ਰੱਦ/ ਮੁਲਤਵੀ ਕਰਨ ਦੇ ਹਰ ਪ੍ਰਕਾਰ ਦੇ ਅਧਿਕਾਰ ਨਿਮਨ ਹਸਤਾਖਰੀ ਪਾਸ ਹੋਣਗੇ ਅਤੇ ਉਮੀਦਵਾਰ ਨੂੰ ਆਉਣ ਜਾਣ ਦਾ ਕੋਈ ਸਫ਼ਰ ਖਰਚ ਆਦਿ ਨਹੀਂ ਦਿੱਤਾ ਜਾਵੇਗਾ।

ਸਹੀ/-
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।